brampton.ca BRAMPTON Flower City

Planning and Development Services
Building Division
8850 McLaughlin Road, Unit 1
Brampton, ON L6Y 5T1

# ਬਿਲਡਿੰਗ ਪਰਮਿਟ ਸਬੰਧੀ ਸ਼ਰਤਾਂ

# ਐਕਸੈਸਰੀ ਬਿਲਡਿੰਗਾਂ (ਸ਼ੈਂਡ, ਬੁਰਜ ਆਦਿ) ਰਿਹਾਇਸ਼

**ਬਿਨੈਕਾਰ ਧਿਆਨ ਦੇਣ:** ਕਿਰਪਾ ਕਰਕੇ ਬਿਲਡਿੰਗ ਪਰਮਿਟ ਲਈ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ, ਸਿਟੀ ਆਫ ਬ੍ਰੈਂਪਟਨ, ਜ਼ੋਨਿੰਗ ਬਾਇ-ਲਾ (Zoning By-law) ਦੇ ਮੁਤਾਬਿਕ, ਪ੍ਰਾਪਰਟੀ ਤੇ ਇਜਾਜ਼ਤ ਵਾਲੀਆਂ ਐਕਸੈਸਰੀ ਬਿਲਡਿੰਗਾਂ ਦਾ ਅਧਿਕਤਮ ਆਕਾਰ ਅਤੇ ਸੰਖਿਆ ਨਿਰਧਾਰਤ ਕਰਨ ਲਈ ਬਿਲਡਿੰਗ ਡਿਵੀਜ਼ਨ (Building Division) ਦੇ ਜ਼ੋਨਿੰਗ ਪਲਾਨਸ ਐਗਜਮਾਈਨਰ (Zoning Plans Examiner) ਨੂੰ ਪੁੱਛੋ।

## ਬਿਲਡਿੰਗ ਪਰਮਿਟ ਅਰਜ਼ੀ

ਅਰਜ਼ੀ ਜਮ੍ਹਾਂ ਕਰਨ ਵੇਲੇ ਹੇਠਾਂ ਲਿਖੀ ਜਾਣਕਾਰੀ ਲੋੜੀਂਦੀ ਹੈ। ਅਧੂਰੀਆਂ ਅਰਜ਼ੀਆਂ ਸਵੀਕਾਰ **ਨਹੀਂ** ਕੀਤੀਆਂ ਜਾ ਸਕਦੀਆਂ।

1. **ਬਿਲਡਿੰਗ ਪਰਮਿਟ ਲਈ ਪੂਰੀ ਕੀਤੀ ਅਰਜ਼ੀ ਵਿੱਚ ਇਹ ਸ਼ਾਮਲ ਹੁੰਦਾ ਹੈ:**
   - ਅਰਜ਼ੀ ਫਾਰਮ “ਉਸਾਰੀ ਕਰਨ ਜਾਂ ਢਾਹੁਣ ਲਈ ਪਰਮਿਟ”
   - ਸ਼ੈਡਿਊਲ 1: ਡਿਜ਼ਾਈਨਰ ਦੀ ਜਾਣਕਾਰੀ
   - ਲਾਗੂ ਕਨੂੰਨੀ ਜਾਂਚ ਸੂਚੀ

2. ਅਸਲੀ ਆਕਾਰ ਵਾਸਤੇ ਯੋਜਨਾਵਾਂ ਦੀਆਂ **ਦੋ (2)** ਕਾਪੀਆਂ, ਜਿਹਨਾਂ ਵਿੱਚ ਇਹ ਸ਼ਾਮਲ ਹੋਣਾ ਲਾਜ਼ਮੀ ਹੈ:
   - ਪ੍ਰਾਪਰਟੀ ਲਾਈਨ(ਨਾਂ) ਅਤੇ ਹੋਰ ਬਿਲਡਿੰਗਾਂ ਤੋਂ ਪਰਿਮਾਪ ਅਤੇ ਅੰਤਰ ਸਮੇਤ, ਪ੍ਰਸਤਾਵਿਤ ਐਕਸੈਸਰੀ ਬਿਲਡਿੰਗ ਦਾ ਸਥਾਨ ਦਰਸਾਉਣ ਵਾਲਾ ਕਨੂੰਨੀ ਪ੍ਰਾਪਰਟੀ ਸਰਵੇਖਣ (Legal Property Survey) ਅਤੇ ਸਾਈਟ ਯੋਜਨਾ (Site Plan)
   - ਹੇਠਾਂ ਦਿੱਤੀ ਜਾਣਕਾਰੀ ਸ਼ਾਮਲ ਕਰਨ ਲਈ ਯੋਜਨਾ(ਵਾਂ) ਅਤੇ ਸੈਕਸ਼ਨ ਡ੍ਰਾਇੰਗਾਂ:
     (i) ਉਸਾਰੀ ਦੇ ਆਧਾਰ ਅਤੇ ਨੀਂਹ ਸਬੰਧੀ ਵੇਰਵੇ, ਜਾਂ 50 ਮੀਟਰ ਵਰਗ ਤੋਂ ਘੱਟ ਦੀਆਂ ਐਕਸੈਸਰੀ ਬਿਲਡਿੰਗਾਂ ਲਈ ਸਹਾਰੇ ਦਾ ਠੋਸ ਸਲੈਬ ਵੇਰਵਾ ਜਾਂ ਵਿਕਲਪਿਕ ਵਿਧੀ, ਜਿਸ ਵਿੱਚ ਇੱਟ-ਪੱਥਰ ਜਾਂ ਇੱਟ-ਪੱਥਰ ਦੀ ਪਰਤ ਵਾਲੀ ਉਸਾਰੀ ਦਾ ਕੰਮ ਨਾ ਹੋਵੇ
     (ii)ਫਰਸ਼ (ਜੇਕਰ ਦਿੱਤਾ ਗਿਆ ਹੈ), ਕੰਧ ਅਤੇ ਛੱਤ ਦੀ ਉਸਾਰੀ ਦੇ ਵੇਰਵੇ ਅਤੇ ਸਾਰੇ ਖੁੱਲ੍ਹਣ ਵਾਲੇ ਹਿੱਸਿਆਂ (ਖਿੜਕੀਆਂ ਅਤੇ ਦਰਵਾਜੇ) ਦੀ ਫ੍ਰੇਮਿੰਗ
     (iii) ਕੰਧ ਦੀ ਪਰਤ ਲਗਾਉਣ ਅਤੇ ਛੱਤ ਨੂੰ ਕਵਰ ਕਰਨ ਦੇ ਵੇਰਵੇ

3. $280.50 ਦੀ ਪਰਮਿਟ ਫੀਸ ਸਾਡੀ **ਸਟੈਂਡਰਡ 10 ਦਿਨਾਂ ਦੀ ਪਰਮਿਟ ਐਪਲੀਕੇਸ਼ਨ ਸਰਵਿਸ (Permit Application Service)** ਤੇ ਲਾਗੂ ਹੁੰਦੀ ਹੈ

## ਬਿਲਡਿੰਗ ਪਰਮਿਟ ਜਾਰੀ ਕਰਨਾ

1. ਜਿੱਥੇ ਪਰਮਿਟ, ਰਜਿਸਟਰਡ ਕੋਂਡੋਮਿਨਿਅਮ ਦੇ ਸਾਂਝੇ ਹਿੱਸੇ ਦੇ ਅੰਦਰ ਉਸਾਰੀ ਕਰਨ ਲਈ ਜਾਰੀ ਕੀਤਾ ਜਾਂਦਾ ਹੈ, ਉੱਥੇ ਬਿਲਡਿੰਗ ਜਾਂ ਪ੍ਰਾਪਰਟੀ ਦੇ ਸਾਂਝੇ ਹਿੱਸੇ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਇਜਾਜ਼ਤ ਵਾਸਤੇ, ਕੋਂਡੋਮਿਨਿਅਮ ਕਾਰਪੋਰੇਸ਼ਨ ਦੇ ਅਧਿਕਾਰਤ ਏਜੰਟ ਵੱਲੋਂ ਦਸਤਖ਼ਤ ਕੀਤਾ ਇੱਕ ਉਸਾਰੀ ਲਈ ਇਜਾਜ਼ਤ ਦਾ ਨੋਟਿਸ (Notice of Permission to Construct) ਫਾਰਮ ਜਮ੍ਹਾਂ ਕੀਤਾ ਜਾਵੇਗਾ।

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499